# ਪ੍ਰਨਾਬ ਮੁਖਰਜੀ ਦੇ ਦਬਕੇ ਮੂਹਰੇ ਖੱਬੇ-ਸੱਜੇ ਕਾਮਰੇਡ ਪੂਛਾਂ ਦੱਬ ਗਏ

ਹਿੰਦੁਸਤਾਨ ਅਤੇ ਅਮਰੀਕਾ ਦੇ ਐਟਮੀ ਸਮਝੌਤੇ ਬਾਰੇ ਪਾਰਲੀਮੈਂਟ ਵਿਚ ਸੁਆਲ ਉਠਾਏ ਜਾ ਰਹੇ ਹਨ। ਮਨਮੋਹਨ ਸਿੰਘ ਨੇ ਰਾਜ ਸਭਾ ਵਿਚ ਕਿਹਾ ਹੈ ਕਿ ਅਮਰੀਕਾ ਦੀ ਕੋਈ ਵੀ ਇਹੋ ਜਿਹੀ ਗੱਲ ਨਹੀਂ ਮੰਨੀ ਜਾਵੇਗੀ ਜਿਹੜੀ ਕਿ ਇਸ ਸਮਝੌਤੇ ਵਿਚ ਨਹੀਂ ਹੈ। ਅਮਰੀਕਾ ਦੀ ਕਾਂਗਰਸ ਅਤੇ ਸੈਨੇਟ ਵਿਚ ਇਸ ਸਮਝੌਤੇ ਬਾਰੇ ਮਤੇ ਤੇ ਬਹਿਸ ਚਲ ਰਹੀ ਹੈ ਅਤੇ ਖ਼ਬਰਾਂ ਮੁਤਾਬਿਕ ਕਾਂਗਰਸ ਨੇ ਇਸ ਸਮਝੌਤੇ ਵਿਚ ਇਕ ਦੋ ਤਰਮੀਮਾਂ ਕਰਕੇ ਮਤਾ ਪਾਸ ਕਰ ਦਿੱਤਾ ਹੈ। ਇਸ ਗੱਲ ਨੂੰ ਲੈ ਕੇ ਹਿੰਦੁਸਤਾਨ ਦੀਆਂ ਸਿਆਸੀ ਪਾਰਟੀਆਂ ਕਾਫ਼ੀ ਬਿਆਨਬਾਜ਼ੀ ਕਰ ਰਹੀਆਂ ਹਨ।

ਬੀ.ਜੇ.ਪੀ ਨੇ ਪਹਿਲਾਂ ਤਾਂ ਗਰਮ ਬਿਆਨ ਦਿਤਾ ਸੀ ਕਿ ਉਹ ਪਾਰਲੀਮੈਂਟ ਵਿਚ ਇਸ ਦਾ ਵਿਰੋਧ ਕਰੇਗੀ ਪਰ ਹੁਣ ਲਗਦਾ ਹੈ ਕਿ ਉਸ ਨੇ ਹਥਿਆਰ ਸੁਟ ਦਿਤੇ ਹਨ। ਖੱਬੇ ਸੱਜੇ ਕਾਮਰੇਡ ਪਾਰਲੀਮੈਂਟ ਦੀ ਰਾਏ ਬਾਰੇ ਇਕ ਮਤਾ ਲਿਆਓਣ ਦੀ ਗੱਲ ਕਰ ਰਹੇ ਹਨ ਪਰ ਰੱਖਿਆ ਮੰਤਰੀ ਪ੍ਰਨਾਬ ਮੁਖਰਜੀ ਨੇ ਦਬਕਾ ਮਾਰਿਆ ਹੈ ਕਿ ਜੇ ਕਾਮਰੇਡਾਂ ਨੇ ਇਹ ਮਤਾ ਲਿਆਂਦਾ ਤਾਂ ਸਰਕਾਰ ਡਿੱਗ ਸਕਦੀ ਹੈ। ਇਸ ਮਤੇ ਦਾ ਮਤਲਬ ਸਰਕਾਰ ਵਿਚ ਬੇਵਿਸ਼ਵਾਸੀ ਹੋਣਾ ਹੀ ਹੋਵੇਗਾ। ਸੀ.ਪੀ.ਆਈ. ਨੇ ਤਾਂ ਝੱਟ ਕਹਿ ਦਿੱਤਾ ਹੈ ਕਿ ਉਹ ਪਾਰਲੀਮੈਂਟ ਵਿਚ ਇਹ ਮਤਾ ਲਿਆਉਣ ਦੇ ਹੱਕ ਵਿਚ ਨਹੀਂ। ਸੀ.ਪੀ.ਆਈ.(ਐਮ) ਦੀ ਆਗੂ ਬਰਿੰਦਾ ਕਰਾਤ ਨੇ ਵੀ ਕਿਹਾ ਹੈ ਕਿ ਅਸੀਂ ਤਾਂ ਸਿਰਫ਼ ਪਾਰਲੀਮੈਂਟ ਵਿਚ ਆਪਣੇ ਜਜ਼ਬਾਤ ਹੀ ਰੱਖਣੇ ਚਾਹੁੰਦੇ ਹਾਂ ਸਰਕਾਰ ਡੇਗਣ ਦਾ ਸਾਡਾ ਕੋਈ ਇਰਾਦਾ ਨਹੀਂ, ਮਤੇ ਵਿਚ ਸਰਕਾਰ ਜੋ ਮਰਜ਼ੀ ਲਿਖ ਦੇਵੇ ਸਾਨੂੰ ਮਨਜ਼ੂਰ ਹੈ। ਅਸੀ ਸਰਕਾਰ ਦੀ ਸਲਾਮਤੀ ਨੂੰ ਕੋਈ ਖ਼ਤਰਾ ਨਹੀਂ ਖੜਾ ਕਰਦੇ।

ਪ੍ਰਨਾਬ ਮੁਕਰਜੀ ਦੇ ਦਬਕੇ ਨਾਲ ਇਹ ਖੱਬੇ-ਸੱਜੇ ਕਾਮਰੇਡ ਵੀ ਪੂਛਾਂ ਦੱਬ ਜਾਣਗੇ ਅਤੇ ਮਨਮੋਹਨ ਸਰਕਾਰ ਨੂੰ ਇਸ ਸਮਝੌਤੇ ਬਾਰੇ ਕੋਈ ਔਖਿਆਈ ਨਹੀਂ ਹੋਵੇਗੀ। ਇਹ ਗੱਲ ਬਿਲਕੁਲ ਸਾਫ਼ ਖੱਬੇ-ਸੱਜੇ ਕਾਮਰੇਡ ਮਨਮੋਹਨ ਸਿੰਘ ਦੀ ਸਰਕਾਰ ਕਤੱਈ ਡੇਗਣਾ ਨਹੀਂ ਚਾਹੁੰਦੇ।

ਹਿੰਦੁਸਤਾਨ ਦੇ ਹਾਕਮ ਟੋਲੇ ਦਾ ਇਕ ਤਾਕਤਵਰ ਹਿੱਸਾ ਅਮਰੀਕਾ ਨਾਲ ਐਟਮੀ ਸਮਝੌਤੇ ਦੇ ਹੱਕ ਵਿਚ ਹੈ। ਇਨ੍ਹਾਂ ਨੂੰ ਐਟਮੀ ਤਾਕਤ ਨਾਲ ਬਹੁਤ ਹੀ ਜ਼ਿਆਦਾ ਮੁਨਾਫੇ ਦਿਖਾਈ ਦੇ ਰਹੇ ਹਨ। ਖ਼ਬਰਾਂ ਮੁਤਾਬਿਕ ਰਿਲਾਇੰਸ ਅਤੇ ਹੋਰ ਵੱਡੀਆਂ ਕੰਪਨੀਆਂ ਐਟਮੀ ਤਾਕਤ ਨਾਲ ਬਿਜਲੀ ਪੈਦਾ ਕਰਨ ਦੇ ਪਲਾਂਟ ਲਾਉਣ ਦੀਆਂ ਤਿਆਰੀਆਂ ਕਰ ਰਹੀਆਂ ਹਨ। ਕਿਉਂਕਿ ਸੱਜੇ-ਖੱਬੇ ਕਾਮਰੇਡ ਮਨਮੋਹਨ ਸਿੰਘ ਦਾ ਲੜ ਨਹੀਂ ਛੱਡਣਗੇ ਇਸ ਕਰਕੇ ਅਮਰੀਕਾ ਨਾਲ ਇਹ ਸਮਝੌਤਾ ਬਿਨਾਂ ਕਿਸੇ ਰੋਕ ਟੋਕ ਦੇ ਪਾਰਲੀਮੈਂਟ ਵਿਚੋਂ ਨਿਕਲ ਜਾਵੇਗਾ। ਹਾਕਮ ਟੋਲੇ ਨੇ ਇਨ੍ਹਾਂ ਕਾਮਰੇਡਾਂ ਨੂੰ ਇਹੋ ਰੋਲ ਦਿੱਤਾ ਹੈ ਕਿ ਬਾਹਰ ਲਾਲ ਝੰਡਾ ਵਿਖਾਈ ਜਾਉ ਪਰ ਅੰਦਰਖਾਤੇ ਗੱਲ ਹਾਕਮ ਟੋਲੇ ਦੀ ਹੀ ਕਰੋ।